ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸਾਖਾ)

## ਹੁਕਮ

ਪੰਜਾਬ ਵਿੱਚ ਕੰਮ ਕਰ ਰਹੇ ਹੈਡ-ਮਾਸਟਰਾਂ ਤੋਂ ਬਤੌਰ ਪ੍ਰਿੰਸੀਪਲ (ਸਕੂਲ ਅਤੇ ਇੰਸਪੈਕਸਨ) ਗਰੁੱਪ ਏ ਵਿੱਚ ਪੱਦ ਉਨਤੀਆਂ ਕਰਨ ਸਬੰਧੀ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵੱਲੋਂ ਮਿਤੀ 27-07-2017 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਪ੍ਰਵਾਨ ਕੀਤੇ/ਲਏ ਗਏ ਫੈਸਲੇ ਉਪਰੰਤ ਹੇਠ ਦਰਸਾਏ ਹੈਡ-ਮਾਸਟਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਰੂਲਜ਼, 2004 ਅਨੁਸਾਰ ਪੇਅ ਸਕੇਲ 15600-39100+6600 ਗ੍ਰੇਡ ਪੇਅ ਵਿੱਚ ਬਤੌਰ ਪ੍ਰਿੰਸੀਪਲ ਦੀਆਂ ਅਸਾਮੀਆਂ ਤੇ ਪ੍ਰੋਵੀਜਨਲ ਤੌਰ ਤੇ ਪੱਦ-ਉੱਨਤ ਕਰਦੇ ਹੋਏ ਤੈਨਾਤ ਕੀਤਾ ਜਾਂਦਾ ਹੈ:-

| ਲੜੀ ਨੰ | ਕਮਰਚਾਰੀ ਦਾ ਨਾਂ/ਮੌਜੂਦਾ ਪੋਸਟਿੰਗ (ਸ੍ਰੀ/ਸ੍ਰੀਮਤੀ) | ਅਧਿਕਾਰੀ ਦੀ ਨਵੀਂ ਪੋਸਟਿੰਗ |
|---|---|---|
| 1. | ਅਮਨਜੋਤ ਕੌਰ, ਮੁ/ਅ, ਸ.ਹ.ਸ. ਲਾਂਡਰਾਂ ( ਸ.ਅ.ਸ. ਨਗਰ) | ਸ.ਸ.ਸ.ਸ. ਚੱਕ ਬਿੱਲਗਾ (ਸਹੀਦ ਭਗਤ ਸਿੰਘ ਨਗਰ) |
| 2. | ਬੰਧਨਾ ਪੁਰੀ, ਮੁ/ਅ, ਸ.ਮਾ.ਹ.ਸ. ਸੈਕਟਰ 42, ਚੰਡੀਗੜ੍ਹ | ਸ.ਸ.ਸ.ਸ. ਖੋਥੜਾਂ (ਸਹੀਦ ਭਗਤ ਸਿੰਘ ਨਗਰ) |
| 3. | ਸੁਨੀਤਇੰਦਰ ਸਿੰਘ, ਮੁ/ਅ, ਸ.ਹ.ਸ. ਡੰਡਿਆਣਾ ਸਰਕੀ (ਮੋਗਾ) | ਸ.ਸ.ਸ.ਸ. ਲੋਪੋਂ (ਮੋਗਾ) |
| 4. | ਰੇਨੂੰ ਬਾਲਾ, ਮੁੱਖਅਧਿਆਪਕ, ਸ.ਹ.ਸ. ਉਟਾਲਾ ( ਲੁਧਿਆਂਣਾ) | ਸ.ਸ.ਸ.ਸ. ਮਾਣੇਵਾਲਾ (ਲੁਧਿਆਣਾ) |
| 5. | ਹਰਕੇਸ ਲਾਲ, ਮੁ/ਅ, ਸ.ਹ.ਸ. ਚੀਮਨਾ (ਲੁਧਿਆਣਾ) | ਸ.ਸ.ਸ.ਸ. ਤਿਹਾੜਾ (ਲੁਧਿਆਣਾ) |
| 6. | ਬਲਜਿੰਦਰ ਸਿੰਘ, ਮੁ/ਅ, ਸਹਸ ਭੁੰਦੜ (ਬਠਿੰਡਾ) | ਕੁੱਤੀਵਾਲ ਕਲਾਂ (ਬਠਿੰਡਾ) |

ਉਪਰੋਕਤ ਹੈਡ-ਮਾਸਟਰ ਤੋਂ ਬਤੌਰ ਪ੍ਰਿੰਸੀਪਲ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਦੀਆਂ ਖਾਲੀ ਪਈਆਂ ਆਸਾਮੀਆਂ ਵਿਰੁੱਧ ਪੱਦ ਉੱਨਤੀਆਂ ਹੇਠ ਲਿਖੀਆਂ ਸਰਤਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ:-

(ੳ) ਇਹ ਤਰੱਕੀਆਂ ਮਾਨਯੋਗ ਸੁਪਰੀਮ ਕੋਰਟ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਵੱਖ ਵੱਖ ਅਦਾਲਤਾਂ ਵਿੱਚ ਹੋਏ/ਹੋਣ ਵਾਲੇ ਫੈਸਲਿਆਂ ਤੇ ਅਧਾਰਤ ਹੋਣਗੀਆਂ।

(ਅ) ਇਹ ਪੱਦ-ਉੱਨਤੀਆਂ ਬਿਲਕੁਲ ਆਰਜੀ ਹੋਣਗੀਆਂ।

(ੲ) ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ।

(ਜ) ਸਰਕਾਰ ਵੱਲੋਂ ਪਦ-ਉੱਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦ-ਉੱਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।

2. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕ੍ਰਿਸ਼ਨ ਕੁਮਾਰ,ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ਼)

ਮਿਤੀ, ਚੰਡੀਗੜ੍ਹ
01.08.2017

ਪਿੱਠ ਅੰਕਣ ਨੰ:01/23/2017-2ਸਿ4/ 1036104/1-11 ਮਿਤੀ, ਚੰਡੀਗੜ੍ਹ: 2/8/17

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ;
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ;
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ- ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਪਦ-ਉਨਤੀਆਂ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।
5. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ:), ਪੰਜਾਬ- ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ;
6. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ- ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ;
7. ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ;
8. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ;
9. ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:), ਪੰਜਾਬ;
10. ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)।

ਸੁਪਰਡੰਟ